## ਆਪਣੇ ਰੇਕ੍ਰੀਏਸ਼ਨ ਅਕਾਊਂਟ ਦੀ ਤਸਦੀਕ ਕਰੋ। ਆਪਣੇ ਵਸਨੀਕ ਹੋਣ ਦੇ ਫਾਇਦਿਆਂ ਨੂੰ ਕਾਇਮ ਰੱਖੋ

1 ਮਈ ਤੋਂ ਅਕਤੂਬਰ 2025 ਤੱਕ, ਬ੍ਰੈਂਪਟਨ ਰੇਕ੍ਰੀਏਸ਼ਨ (Brampton Recreation), ਇੱਕ ਰੈਜ਼ਿਡੈਂਸੀ ਵੈਰੀਫਿਕੇਸ਼ਨ ਪਲਾਨ (Residency Verification Plan) ਲਾਗੂ ਕਰ ਰਿਹਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਸਨੀਕ ਦੇ ਅਕਾਊਂਟ ਦੀ ਜਾਣਕਾਰੀ ਅਪ ਟੂ ਡੇਟ ਹੈ ਅਤੇ ਸਿਰਫ ਯੋਗ ਵਸਨੀਕਾਂ ਨੂੰ ਹੀ, ਰੈਜ਼ਿਡੈਂਟ ਰੇਟਾਂ ਅਤੇ ਪ੍ਰਾਇਰਿਟੀ ਰਜਿਸਟਰੇਸ਼ਨ ਸਮਾਂ ਸੀਮਾ ਤੋਂ ਫਾਇਦਾ ਮਿਲਦਾ ਰਹੇ। ਰੈਜ਼ਿਡੈਂਸੀ ਵੈਰੀਫਿਕੇਸ਼ਨ, ਸਾਰੇ ਬ੍ਰੈਂਪਟਨ ਰੇਕ੍ਰੀਏਸ਼ਨ ਸੈਂਟਰਾਂ ਵਿੱਚ ਉਪਲਬਧ ਹੈ।

### ਤਸਦੀਕ ਕਿਉਂ ਜ਼ਰੂਰੀ ਹੈ?

- ਰਜਿਸਟਰਡ ਅਤੇ ਡ੍ਰੌਪ-ਇਨ (ਬਿਨਾਂ ਬੁੱਕ ਕੀਤੇ) ਪ੍ਰੋਗਰਾਮਾਂ, ਮੈਂਬਰਸ਼ਿਪਸ ਅਤੇ ਫੈਸਿਲਿਟੀ ਬੁਕਿੰਗਸ ਲਈ **ਰੈਜ਼ਿਡੈਂਟ ਰੇਟ** ਕਾਇਮ ਰੱਖਣ ਲਈ।
- ਵਸਨੀਕ ਕਾਰਜਕਰਮ ਦੀ ਸ਼ੁਰੂਆਤ ਤੋਂ 25 ਘੰਟੇ ਪਹਿਲਾਂ ਡ੍ਰੌਪ-ਇਨ ਕਾਰਜਕਰਮਾਂ ਲਈ ਰਜਿਸਟਰ ਕਰ ਸਕਦੇ ਹਨ। ਗੈਰ-ਵਸਨੀਕ ਕਾਰਜਕਰਮ ਦੀ ਸ਼ੁਰੂਆਤ ਤੋਂ 1 ਘੰਟਾ ਪਹਿਲਾਂ ਰਜਿਸਟਰ ਕਰ ਸਕਦੇ ਹਨ।

### ਤੁਸੀਂ ਆਪਣੀ ਰੈਜ਼ਿਡੈਂਸੀ ਦੀ ਤਸਦੀਕ ਕਿਵੇਂ ਕਰ ਸਕਦੇ ਹੋ

1. **ਸਿਟੀ ਆਫ ਬ੍ਰੈਂਪਟਨ ਦੇ ਕਿਸੇ ਰੇਕ੍ਰੀਏਸ਼ਨ ਕੇਂਦਰ** ਵਿੱਚ ਜਾਓ।
2. ਆਪਣੀ ਅਕਾਊਂਟ ਜਾਣਕਾਰੀ ਨੂੰ ਪ੍ਰਮਾਣਿਤ ਕਰਨ ਲਈ, ਪਛਾਣ ਅਤੇ ਰੈਜ਼ਿਡੈਂਸੀ ਦਾ ਕੋਈ ਸਵੀਕਾਰਯੋਗ ਪੇਪਰ ਨਾਲ ਲੈ ਕੇ ਆਓ।
3. ਆਪਣੇ ਅਕਾਊਂਟ ਨੂੰ ਅਪਡੇਟ ਕਰਨ ਲਈ **ਗਾਹਕ ਸੇਵਾ ਡੈਸਕ** ਤੇ ਆਪਣਾ ਪਛਾਣ-ਪੱਤਰ ਦਿਖਾਓ

### ਪਛਾਣ ਦਾ ਸਬੂਤ:

- ਡ੍ਰਾਈਵਰਸ ਲਾਇਸੈਂਸ ਜਾਂ ਓਨਟੈਰੀਓ ਫੋਟੋ ID ਕਾਰਡ (Driver’s License and Ontario Photo ID Card)
- ਪਾਸਪੋਰਟ
- ਪਰਮਾਨੈਂਟ ਰੈਜ਼ਿਡੈਂਟ ਕਾਰਡ (Permanent Resident Card)

- ਪ੍ਰੋਵਿੰਸੀਅਲ ਹੈਲਥ ਕਾਰਡ (Provincial Health Card) (ਲਾਲ/ਚਿੱਟਾ ਵਰਜਨ ਸਵੀਕਾਰ ਨਹੀਂ ਕੀਤਾ ਜਾਂਦਾ)
- ਕੈਨੇਡਿਅਨ ਜਨਮ ਪ੍ਰਮਾਣ-ਪੱਤਰ (Canadian Birth Certificate) (ਸਿਰਫ ਤਦ, ਜੇਕਰ ਵੈਧ ਫੋਟੋ ਆਈ.ਡੀ. ਦੇ ਨਾਲ ਪੇਸ਼ ਕੀਤਾ ਜਾਵੇ)

**ਬ੍ਰੈਂਪਟਨ ਦੇ ਪਤੇ ਦਾ ਸਬੂਤ:**

- ਡ੍ਰਾਈਵਰਸ ਲਾਇਸੈਂਸ ਜਾਂ ਓਨਟੈਰੀਓ ਫੋਟੋ ID ਕਾਰਡ (Driver's License and Ontario Photo ID Card)
- ਯੂਟੀਲਿਟੀ ਬਿਲ (ਟੈਲੀਫੋਨ, ਟੀ.ਵੀ. ਹਾਈਡ੍ਰੋ, ਗੈਸ ਜਾਂ ਪਾਣੀ)
- ਬੈਂਕ ਜਾਂ ਕ੍ਰੈਡਿਟ ਕਾਰਡ ਸਟੇਟਮੈਂਟ
- ਗਵਰਨਮੈਂਟ ਬੈਨਿਫਿਟਸ ਦੀ ਸਟੇਟਮੈਂਟ (Statement of Government Benefits)
- ਪ੍ਰਾਪਰਟੀ ਟੈਕਸ ਬਿਲ (Property Tax Bill)
- ਰੈਵੇਨਿਊ ਕੈਨੇਡਾ ਨੋਟਿਸ ਆਫ ਅਸੈਸਟਮੈਂਟ (Revenue Canada Notice of Assessment)

**ਕੀ ਤੁਹਾਨੂੰ ਸਹਾਇਤਾ ਦੀ ਲੋੜ ਹੈ?**

ਵੇਰਵਿਆਂ ਲਈ, brampton.ca/recreation ਤੇ ਜਾਓ ਜਾਂ ਕਿਸੇ ਵੀ ਰੇਕ੍ਰੀਏਸ਼ਨ ਫੈਸਿਲਿਟੀ ਵਿਖੇ ਸਟਾਫ ਨਾਲ ਗੱਲ ਕਰੋ।